# ਭਾਈ ਅਵਤਾਰ ਸਿੰਘ ਸਰਾਏ (੧੯੫੩-੯੪)

## ਕੌਂਸਲ ਆਫ਼ ਖਾਲਿਸਤਾਨ ਦੇ ਮੁਢਲੇ ਜਨਰਲ ਸਕੱਤਰ (੧੯੮੯-੯੪)

ਭਾਈ ਅਵਤਾਰ ਸਿੰਘ ਦਾ ਜਨਮ ਆਪਣੇ ਨਾਨਕੇ ਪਿੰਡ ਢਪੱਈ, ਜ਼ਿਲਾ ਕਪੂਰਥਲਾ ਵਿਖੇ, ੧੪ ਭਾਦੋਂ ੧੯੫੩ ਨੂੰ ਹੋਇਆ, ਅਤੇ ਉਨ੍ਹਾਂ ਦੇ ਪਹਿਲੇ ੭ ਸਾਲ ਦਾਦਕੇ ਪਿੰਡ ਸਰਾਏ ਖਾਸ ਹੀ ਗਜ਼ਰੇ ।ਉਪ੍ਰੰਤ ਯੂ. ਕੇ. ਵਿਚ ਜਾ ਕੇ ਉਨ੍ਹਾਂ ਆਪਣੀ ਵਿਦਿਆ ਕੈਮਿਕਲ ਇੰਜਿਨੀਰਿੰਗ ਵਿਚ, ਲਫ਼ਬਰੋ ਯੂਨੀਵਰਸਿਟੀ ਤੋਂ, ਪਹਿਲੈ ਡਿਵਿਜ਼ਨ ਵਿਚ ਮੁਕੰਮਲ ਕੀਤੀ । ਇਸ ਦੌਰਾਨ ਉਨ੍ਹਾਂ ਲਫ਼ਬਰੋ ਦੇ ਪਹਿਲੇ ਗੁਰਦਆਰਾ ਸਾਹਿਬ ਨੂੰ ਸਥਾਪਤ ਕਰਨ ਵਿਚ ਆਪਣੀ ਅਹਿਮ ਸੇਵਾ ਨਿਭਾ ਕੇ ਗੁਰੂ ਪੰਥ ਦੀਆਂ ਖੁੱਸ਼ੀਆਂ ਵੀ ਪਰਾਪਤ ਕੀਤੀਆਂ । ਸੰਨ: ੧੯੭੯ ਵਿਚ ਉਨ੍ਹਾਂ ਦੀ ਕੁੜਮਾਈ ਆਪਣੇ ਪਿੰਡ ਹੀ ਹੋਈ ਅਤੇ ਅਨੰਦ ਕਾਰਜ ਯੂ. ਕੇ. ਹੋਇਆ ।

ਸੰਨ: ੧੯੮੪ ਹੋਇ ਦਰਬਾਰ ਸਾਹਿਬ ‘ਤੇ ਹਮਲੇ ਤੋਂ ਬਾਅਦ ਉਹ ਸਿੱਖ ਨੌਜਵਾਨ ਸੰਸਥਾਵਾਂ ਨੂੰ ਯੂ. ਕੇ. ਵਿਚ ਜੱਥੇਬੰਦ ਕੀਤਾ ਅਤੇ ਆਪਣੇ ਅੰਗ੍ਰੇਜ਼ੀ ਅਤੇ ਪੰਜਾਬੀ ਲੇਖਾਂ ਰਾਹੀਂ ਹਿੰਦੁਸਤਾਨ ਦੀ ਸਿੱਖਾਂ ਪ੍ਰਤੀ ਦੁਸਮਣੀ ਅਤੇ ਫ਼ਰੇਬੀ ਉੱਤੇ ਅੰਤਰਰਾਸ਼ਟ੍ਰੀ ਪੱਧਰਾਂ ‘ਤੇ ਹੰਬਲੇ ਮਾਰਕੇ ਪੰਥ ਨੂੰ ਹੌਂਸਲਾ ਦਿੱਤਾ । ਇਸ ਦੌਰਾਨ ਓਹ ਸੱਰੀ ਯੂਨੀਵਰਸਿਟੀ ਤੋਂ ਨੌਕਰੀ ਕਰਦਿਆਂ ਤਾਪਗਤੀ ਵਿਗਿਆਨ ਦੇ ਪੇਟੈਂਟ ਵੀ ਤਿਆਰ ਕੀਤੇ, ਜਿਸ ਉਪ੍ਰੰਤ ਸੰਨ ੧੯੮੯ ਵਿਚ ੧੯੮੬ ਦੇ ਸਰਬੱਤ ਖਾਲਸਾ ਪ੍ਰਵਾਨਤ ਪੰਥਕ ਕਮੇਟੀ ਮੁੱਖੀ ਅਤੇ ਖਾਲਿਸਤਾਨ ਸੰਘਰਸ਼ ਦੇ ਮੋਢੀ ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੇ ਕੌਂਸਲ ਆਫ ਖਾਲਿਸਤਾਨ ਦੇ ਨਵੇਂ ਅਹੁਦੇਦਾਰਾਂ ਦਾ ਏਲਾਣ ਕੀਤਾ ਸੀ, ਜਿਸ ਦੇ ਪ੍ਰਧਾਨ ਡਾ: ਜਗਜੀਤ ਸਿੰਘ ਚੌਹਾਨ ਅਤੇ ਮੁਢਲੇ ਜਨਰਲ ਸਕੱਤਰ ਭਾਈ ਅਵਤਾਰ ਸਿੰਘ ਸਰਾਏ ਥਾਪੇ ਗਏ ਸਨ, ਜੋ ਸੇਵਾ ਉਨ੍ਹਾਂ ਸਵਰਗਵਾਸ ਹੋਣ ਤੱਕ ਨਿਭਾਈ ।

ਆਪਣੀ ਅਹਿਮ ਅਹੁਦੇਦਾਰੀ ਦੌਰਾਨ ਸਿਰਕੱਢਵੀਂ ਅਗਵਾਈ ਸਦਕਾ ਉਨ੍ਹਾਂ ਸਾਥੀ ਸਿੱਖ ਤਾਕਤਾਂ ਸਮੇਤ ਸੂਝਵਾਨੀ ਨਾਲ ਹਿੰਦੁਸਤਾਨ ਵਰਗੀ ਜ਼ਾਲਮ ਸਰਕਾਰ ਨੂੰ ਵੀ ੧੯੯੨ ਵਿਚ ਪੰਜਾਬ ਵਿਚ ਚੋਣਾਂ ਕਰਵਾਉਣ ਲਈ ਮਜਬੂਰ ਕਰ ਦਿੱਤਾ ਸੀ, ਜਿਸ ਵਿਚ ਭਾਗ ਲੈਣਾ ਸਿੱਖਾਂ ਵਾਸਤੇ ਖੁੱਦ-ਮੁੱਖਤਿਆਰ ਰਾਜ ਕਾਇਮ ਕਰਨ ਲਈ ਇਕ ਜ਼ਰੂਰੀ ਕਦਮ ਸੀ । ਲੇਕਿੰਨ, ਬੇ-ਸਮਝੀ ਜਾਂ ਗ਼ਦਾਰੀ ਕਾਰਨ ਇਸ ਦਾ ਬਾਇਕਾਟ ਕਰਵਾਕੇ ਫ਼ਿਰ ਰਵਾਇਤੀ ਅਕਾਲੀ ਲੀਡਰਾਂ ਨੇ ਕੌਮ ਨੂੰ ਗੁਮਰਾਹ ਕਰਕੇ ਜਾਣੇ-ਅਣਜਾਣੇ ਖੁੱਦ ਸਿੱਖਾਂ ਦੇ ਕਤਲੇਆਮ ਨੂੰ ਅੰਜਾਮ ਦਿੱਤਾ । ਸੋ ਭਾਈ ਸਾਹਿਬ ਵਰਗੇ ਸੂਝ-ਬੂਝ ਦੇ ਮਾਲਕ, ਵਿਦਵਾਨ, ਕੌਮੀ ਸ਼ੁਭਚਿੰਤਕ ਵੀਰਾਂ ਦੀ ਪੰਥ ਨੂੰ ਹਮੇਸ਼ਾਂ ਲੋੜ ਮਹਿਸੂਸ ਹੁੰਦੀ ਰਹੇਗੀ ।



Awtar Singh, leader and inspiration of the Sikh community in Britain